# ਫਲ ਅਤੇ ਸਬਜ਼ੀਆਂ ਦੀ ਵਿਕਰੀ

## ਫਲ ਅਤੇ ਸਬਜ਼ੀਆਂ ਦੇ ਵਿਕਰੇਤਾਵਾਂ ਲਈ ਜਾਣਕਾਰੀ

ਦੱਖਣੀ ਆਸਟ੍ਰੇਲੀਆ ਵਿੱਚ ਫਲਾਂ ਦੀ ਮੱਖੀ ਦੇ ਪ੍ਰਕੋਪ ਦਾ ਮਤਲਬ ਹੈ ਕਿ ਉਨ੍ਹਾਂ ਫਲ ਅਤੇ ਸਬਜ਼ੀਆਂ ਨੂੰ ਵੇਚਣ ਵਾਲੇ ਸਥਾਨਕ ਕਾਰੋਬਾਰਾਂ ਉੱਪਰ ਪਾਬੰਦੀਆਂ ਲਾਗੂ ਹਨ, ਜਿਨ੍ਹਾਂ ਉੱਤੇ ਫਲਾਂ ਦੀ ਮੱਖੀ ਦਾ ਖਤਰਾ ਹੈ। ਇਨ੍ਹਾਂ ਨੂੰ ਹੋਸਟ (ਮੇਜ਼ਬਾਨ) ਉਤਪਾਦ ਕਿਹਾ ਜਾਂਦਾ ਹੈ।

**ਇਹ ਕਾਰੋਬਾਰ ਫਲਾਂ ਦੀ ਮੱਖੀ ਦੇ ਪ੍ਰਕੋਪ ਵਾਲੇ  ਲਾਲ ਖੇਤਰ ਦੇ ਅੰਦਰ ਸਥਿਤ ਹੈ।**

**fruitfly.sa.gov.au/outbreak-map** ‘ਤੇ ਜਾ ਕੇ ਪਤਾ ਕਰੋ ਕਿ ਫਲਾਂ ਦੀ ਮੱਖੀ ਦਾ ਪ੍ਰਕੋਪ ਕਿੱਥੇ ਮੌਜੂਦ ਹੈ।

## ਤੁਹਾਨੂੰ ਕੀ ਕਰਨ ਦੀ ਲੋੜ ਹੈ

ਕੁਝ ਚੀਜ਼ਾਂ ਹਨ ਜੋ ਤੁਹਾਨੂੰ ਫਲ ਦੀ ਮੱਖੀ ਦੇ ਪ੍ਰਕੋਪ ਵਾਲੇ ਲਾਲ ਖੇਤਰ ਦੇ ਅੰਦਰ ਮੇਜ਼ਬਾਨ ਫਲ ਅਤੇ ਸਬਜ਼ੀਆਂ (ਨੱਥੀ ਕੀਤੀ ਗਈ ਉਤਪਾਦ ਸੂਚੀ ਦੇਖੋ) ਵੇਚਣ ਲਈ ਕਰਨੀਆਂ ਪੈਣਗੀਆਂ।

### ਮੇਜ਼ਬਾਨ ਫਲ ਅਤੇ ਸਬਜ਼ੀਆਂ ਦੀ ਸੁਰੱਖਿਆ ਕਰੋ

#### ਅੰਦਰੂਨੀ ਸਥਾਨਾਂ ਵਿੱਚ

ਮੇਜ਼ਬਾਨ ਫਲਾਂ ਅਤੇ ਸਬਜ਼ੀਆਂ ਨੂੰ ਬਿਨਾਂ ਢੱਕੇ ਘਰ ਦੇ ਅੰਦਰ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ ਪਰ ਤੁਹਾਨੂੰ ਉਨ੍ਹਾਂ ਨੂੰ ਕਿਸੇ ਵੀ ਅਜਿਹੇ ਖੁੱਲ੍ਹੇ ਪਹੁੰਚ ਵਾਲੇ ਸਥਾਨ (ਜਿਵੇਂ ਦਰਵਾਜ਼ੇ ਜਾਂ ਖਿੜਕੀਆਂ ਜੋ ਸਿੱਧੇ ਬਾਹਰੀ ਵਾਤਾਵਰਨ ਵੱਲ ਨੂੰ ਖੁੱਲ੍ਹਦੀਆਂ ਹਨ) ਜੋ ਬੰਦ ਨਹੀਂ ਰੱਖੇ ਜਾਂਦੇ ਹਨ, ਉਨ੍ਹਾਂ ਤੋਂ 1.5 ਮੀਟਰ ਤੋਂ ਵੱਧ ਦੀ ਦੂਰੀ 'ਤੇ ਰੱਖਣੀਆਂ ਚਾਹੀਦੀਆਂ ਹਨ ਜੋ ਬੰਦ ਨਹੀਂ ਹੁੰਦੀਆਂ ਹਨ।

#### ਬਾਹਰੀ ਸਥਾਨਾਂ ‘ਤੇ

ਮੇਜ਼ਬਾਨ ਫਲਾਂ ਅਤੇ ਸਬਜ਼ੀਆਂ ਨੂੰ ਬਾਹਰੀ ਸਥਾਨਾਂ ‘ਤੇ ਸਿਰਫ ਉਦੋਂ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ ਜਦੋਂ ਉਨ੍ਹਾਂ ਨੂੰ ਸੁਰੱਖਿਅਤ ਅਤੇ ਢੱਕ ਕੇ ਰੱਖਿਆ ਗਿਆ ਹੋਵੇ।

ਢਕੇ ਹੋਏ ਦਾ ਮਤਲਬ ਹੈ 1.6 ਮਿਲੀਮੀਟਰ ਤੋਂ ਵੱਡਾ ਕੋਈ ਛੇਦ ਨਾ ਹੋਵੇ, ਜਿਨ੍ਹਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ✓ ਪਲਾਸਟਿਕ ਦੀਆਂ ਥੈਲੀਆਂ (ਬੰਨ੍ਹੇ ਜਾਂ ਸੀਲ ਕੀਤੇ ਗਏ, ਇਨ੍ਹਾਂ ਉੱਤੇ ਬਣੇ ਛੇਦ 1.6 ਮਿਲੀਮੀਟਰ ਤੋਂ ਵੱਡੇ ਨਾ ਹੋਣ)
- ✓ ਕਲਿੰਗ ਰੈਪ (cling wrap) ਟ੍ਰੇਆਂ (trays)।
- ✓ ਟੇਪ ਨਾਲ ਸੀਲ ਕੀਤੇ ਗਏ ਕਾਰਡਬੋਰਡ ਬਕਸੇ (ਛੇਦ ਨਾ ਹੋਣ)
- ✓ ਫਲਾਈ ਪਰੂਫ ਨੈਟਿੰਗ (ਜਾਲ) ਨਾਲ ਉਤਪਾਦ ਨੂੰ ਢੱਕਣਾ
- ✓ ਉਤਪਾਦ ਨੂੰ 13 ਡਿਗਰੀ ਸੈਲਸੀਅਸ ਤੋਂ ਹੇਠਾਂ ਰੱਖਣਾ

## ਮੇਜ਼ਬਾਨ ਫਲ ਅਤੇ ਸਬਜ਼ੀਆਂ ਨੂੰ ਜੁਟਾਉਣਾ

- ਤੁਹਾਨੂੰ ਮਹਾਂਮਾਰੀ ਵਾਲੇ ਲਾਲ ਖੇਤਰ ਜਾਂ ਪੀਲੇ ਮੁਅੱਤਲ ਖੇਤਰ ਵਿੱਚ ਉਗਾਏ ਗਏ ਫਲ ਅਤੇ ਸਬਜ਼ੀਆਂ ਨੂੰ ਉਦੋਂ ਤੱਕ ਨਹੀਂ ਵੇਚਣਾ ਚਾਹੀਦਾ ਜਾਂ ਦਾਨ ਵਿੱਚ ਨਹੀਂ ਦੇਣਾ ਚਾਹੀਦਾ ਜਦੋਂ ਤੱਕ ਉਨ੍ਹਾਂ ਉੱਤੇ ਫਲਾਂ ਦੀ ਮੱਖੀ ਨੂੰ ਨਿਯੰਤਰਿਤ ਕਰਨ ਲਈ ਇੱਕ ਪ੍ਰਵਾਨਿਤ ਇਲਾਜ ਨਾ ਕੀਤਾ ਗਿਆ ਹੋਵੇ ਅਤੇ PIRSA ਦੀ ਪ੍ਰਵਾਨਗੀ ਪ੍ਰਾਪਤ ਨਾ ਕੀਤੀ ਗਈ ਹੋਵੇ। ਮਹਾਂਮਾਰੀ ਦਾ ਨਕਸ਼ਾ ਵੇਖੋ **fruitfly.sa.gov.au/outbreak-map**
- ਮੇਜ਼ਬਾਨ ਫਲਾਂ ਅਤੇ ਸਬਜ਼ੀਆਂ ਨੂੰ ਲੈ ਕੇ ਜਾਣ ਨਾਲ ਜੁੜਿਆਂ ਪਾਬੰਦੀਆਂ ਨੂੰ ਸਮਝੋ। ਇਨ੍ਹਾਂ ਨੂੰ ਮਹਾਂਮਾਰੀ ਵਾਲੇ ਲਾਲ ਖੇਤਰ ਜਾਂ ਪੀਲੇ ਮੁਅੱਤਲ ਖੇਤਰ ਤੋਂ ਬਾਹਰ ਨਹੀਂ ਲਿਜਾਇਆ ਜਾ ਸਕਦਾ, ਜਦੋਂ ਤਕ ਕਿ ਉਨ੍ਹਾਂ ਦੀ ਸਟੋਰੇਜ ਵੇਲੇ, ਪ੍ਰਦਰਸ਼ਿਤ ਕੀਤੇ ਜਾਣ ਵੇਲੇ, ਇਸ ਸਥਾਨ 'ਤੇ ਲਿਆਉਣ ਵੇਲੇ ਅਤੇ ਇੱਥੋਂ ਲਿਜਾਉਣ ਵੇਲੇ, ਢੱਕ ਕੇ ਅਤੇ ਸੁਰੱਖਿਅਤ ਨਾ ਰੱਖਿਆ ਗਿਆ ਹੋਵੇ।

## ਮੇਜ਼ਬਾਨ ਫਲ ਅਤੇ ਸਬਜ਼ੀਆਂ ਦਾ ਨਿਪਟਾਰਾ ਕਰਨਾ



ਅਣਚਾਹੇ ਫਲ ਅਤੇ ਸਬਜ਼ੀਆਂ ਤੁਹਾਡੇ ਹਰੇ ਕੂੜੇਦਾਨ ਵਿੱਚ ਜਾਣੀਆਂ ਚਾਹੀਦੀਆਂ ਹਨ। ਜੇਕਰ ਤੁਹਾਡੇ ਕੋਲ ਹਰੇ ਬਿਨ ਦੀ ਪਹੁੰਚ ਪ੍ਰਾਪਤ ਨਹੀਂ ਹੈ, ਤਾਂ ਕੂੜੇ ਨੂੰ ਦੋਹਰੇ ਬੈਗ ਵਿੱਚ ਪਾਓ ਅਤੇ ਉਸਨੂੰ ਇੱਕ ਆਮ ਕੂੜੇਦਾਨ (general waste bin) ਵਿੱਚ ਸੁੱਟ ਦਿਉ।

## ਤੁਹਾਡੇ ਸਹਿਯੋਗ ਲਈ ਤੁਹਾਡਾ ਧੰਨਵਾਦ

ਤੁਹਾਡੀ ਸਹਾਇਤਾ ਨਾਲ ਅਸੀਂ ਸਾਰੇ ਮਿਲ ਕੇ ਦੱਖਣੀ ਆਸਟ੍ਰੇਲੀਆ ਨੂੰ ਫਲਾਂ ਦੀ ਮੱਖੀ ਤੋਂ ਬਚਾਅ ਸਕਦੇ ਹਾਂ। ਜੇ ਤੁਸੀਂ ਕੁਝ ਸਵਾਲ ਪੁੱਛਣਾ ਚਾਹੁੰਦੇ ਹੋ ਤਾਂ ਸਾਨੂੰ **1300 666 010** 'ਤੇ ਫ਼ੋਨ ਕਰੋ। ਸਾਡੇ ਇੰਸਪੈਕਟਰ ਰੁਟੀਨ ਨਿਰੀਖਣ ਕਰਣਗੇ ਅਤੇ ਕਿਸੇ ਵੀ ਸਵਾਲ ਦੇ ਜਵਾਬ ਦੇਨ ਲਈ ਕਾਰੋਬਾਰਾਂ ਦੀ ਮਦਦ ਕਰ ਸਕਦੇ ਹਨ।

ਕਿਰਪਾ ਕਰਕੇ ਆਪਣੀ ਜਾਣਕਾਰੀ ਨੂੰ ਨਵੀਨਤਮ ਬਣਾਈ ਰੱਖੋ ਅਤੇ ਪਾਬੰਦੀਆਂ ਨੂੰ ਸਮਝੋ, **fruitfly.sa.gov.au** 'ਤੇ ਜਾਉ

## ਕੁਈਨਸਲੈਂਡ ਅਤੇ ਮੈਡੀਟੀਰੇਨੀਅਨ ਫਲਾਂ ਦੀ ਮੱਖੀ ਕਿਨ੍ਹਾਂ ਫਲਾਂ ਅਤੇ ਸਬਜ਼ੀਆਂ ਵਿੱਚ ਵਾਸ ਕਰਦੀ ਹੈ

